# ਪੰਜਾਬੀ (PUNJABI)
# (210)
## ਮੁਲੰਕਣ ਪੱਤਰ - I Assignment-I
## (ਪਾਠ 1 ਤੋਂ 12)

ਕੁੱਲ ਅੰਕ : 25

ਨੋਟ : (i) ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਜ਼ਰੂਰੀ ਹਨ। ਹਰ ਪ੍ਰਸ਼ਨ ਦੇ ਅੰਕ ਉਸ ਦੇ ਸਾਹਮਣੇ ਲਿਖੇ ਹਨ।

(ii) ਉੱਤਰ ਪੁਸਤਕਾਂ ਦੇ ਪਹਿਲੇ ਪੰਨੇ ਉੱਤੇ ਆਪਣਾ ਨਾਂ ਰਜ਼ਿਸਟਰੇਸ਼ਨ ਨੰਬਰ, ਅਧਿਐਨ ਕੇਂਦਰ ਦਾ ਨਾਂ, ਵਿਸ਼ਾ ਆਦਿ ਸਾਫ਼ ਸਾਫ਼ ਸ਼ਬਦਾਂ ਵਿੱਚ ਲਿਖੋ :

1. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਦੋ ਦੇ ਉੱਤਰ ਲੱਗਪਗ 60-80 ਸ਼ਬਦਾਂ ਵਿੱਚ ਲਿਖੋ।

(ੳ) 'ਪ੍ਰਭ ਜੀ ਬਾਰ ਬਾਰ ਅਵਤਰੇ ਹਰਨਾਖਸ਼ ਨਹੀਂ ਮਰੇ' ਡਾ. ਹਰਿਭਜਨ ਸਿੰਘ ਉਪਰੋਕਤ ਪੰਗਤੀ ਵਿੱਚ ਕਿਹੜੇ ਹਰਨਾਖਸ਼ ਦੀ ਗੱਲ ਕਰ ਰਿਹਾ ਹੈ ਤੇ ਉਸ ਤੋਂ ਕਵੀ ਦਾ ਕੀ ਭਾਵ ਹੈ?

(ਅ) 'ਸਾਈਆਂ ਸੱਚ ਆਖਾਂ ਮਰਨਾ ਗੱਲ ਕੁਝ ਨਹੀਂ<br>ਐਪਰ ਡਾਢੀ ਮੁਸੀਬਤ ਜੁਦਾਈ ਦੀ ਏ!'<br>ਲਾਲਾ ਧਨੀ ਰਾਮ ਚਾਤ੍ਰਿਕ ਇਸ ਪੰਗਤੀ ਵਿੱਚ ਕੌਣ ਕਿਸ ਸਾਈਂ ਨੂੰ ਸੰਬੋਧਨ ਕਰ ਰਿਹਾ ਹੈ ਤੇ ਕੀ ਕਹਿਣਾ ਚਾਹੁੰਦਾ ਹੈ?

(ੲ) ਭਰਿਆ ਵੇਖ ਅਫਰਿਆ ਮੈਂ ਸਾਂ,<br>ਜਾਣਾ ਪੰਡਤ ਹੋਇਆ।<br>ਇਸ ਪੰਗਤੀ ਵਿੱਚ ਭਾਈ ਵੀਰ ਸਿੰਘ ਕਿਸ ਅਗਿਆਨੀ ਦੇ ਆਫਰਨ ਦੀ ਗੱਲ ਕਰ ਰਿਹਾ ਹੈ?

ਪ੍ਰ-2 ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਦੋ ਦੇ ਉੱਤਰ ਲੱਗਪਗ 60-80 ਸ਼ਬਦਾਂ ਵਿੱਚ ਲਿਖੋ

(ੳ) 'ਸਿਆਣਪ ਦਾ ਦੌਰਾ' ਹਾਸ ਵਿਅੰਗ (ਲੇਖ) ਵਿੱਚ ਆਪੇ ਬਣੇ ਸਿਆਣੇ ਮਨੁੱਖਾਂ ਬਾਰੇ ਜਿਹੜੀ ਗੱਲ ਕੀਤੀ ਗਈ ਹੈ? ਉਹ 'ਤਾਉ ਰੰਗੀ ਰਾਮ' ਉੱਤੇ ਢੁੱਕਦੀ ਹੈ' ਇਸ ਬਾਰੇ ਵਿਸਤਾਰ ਨਾਲ ਲਿਖੋ।

(ਅ) ਸ੍ਰ. ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਧਰਤੀ ਹੇਠਲਾ ਬਲਦ' ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ ਤੇ ਇਹ ਦੱਸੋ ਕਿ ਧਰਤੀ ਹੇਠਲਾ ਬਲਦ ਅਸਲ ਵਿੱਚ ਕੌਣ ਹੈ?

ਪ੍ਰ-3 ਕਵਿਤਾ 'ਪੰਜਾਬ ਨੂੰ ਕੂਕਾਂ ਮੈਂ' ਵਿੱਚ ਕਿਹੜੀਆਂ ਮਨੁੱਖੀ ਕਦਰਾਂ ਕੀਮਤਾਂ ਦੀ ਗੱਲ ਕਰ ਰਿਹਾ ਹੈ? ਉਸ ਬਾਰੇ ਲੱਗਪਗ 100 ਕੁ ਸ਼ਬਦਾਂ ਵਿੱਚ ਲਿਖੋ।

ਜਾਂ

ਪ੍ਰੋ: ਮੋਹਨ ਸਿੰਘ ਆਪਣੀ ਕਵਿਤਾ 'ਹੁਣ ਦੇ ਅੰਦਰ ਜੀਵਣਾ' ਵਿੱਚ ਵਰਤਮਾਨ ਅੰਦਰ ਜਿਉਂਦਾ ਹੋਇਆ ਬੀਤ ਚੁੱਕੇ ਅਤੇ ਭਵਿੱਖ ਦੇ ਬਾਰੇ ਕੀ ਸੋਚਦਾ ਹੈ? 100 ਕੁ ਸ਼ਬਦਾਂ ਵਿੱਚ ਲਿਖੋ।

ਪ੍ਰ-4 ਹੇਠ ਲਿਖੇ ਪੈਰੇ ਨੂੰ ਲੱਗਪਗ ਇਕ ਤਿਹਾਈ ਸ਼ਬਦਾਂ ਵਿੱਚ ਸੰਖੇਪ ਕਰਕੇ ਲਿਖੋ ਅਤੇ ਢੁਕਵਾਂ ਸਿਰਲੇਖ ਵੀ ਦਿਓ।

'ਗੁਰੂ ਨਾਨਕ ਦਾ ਉਪਦੇਸ਼' ਸਰਬ ਸੰਸਾਰ ਲਈ ਸਾਂਝਾ ਅਤੇ ਹਰ ਪ੍ਰਾਣੀ ਮਾਤਰ ਲਈ ਕਲਿਆਣਕਾਰੀ ਹੈ। ਉਹਨਾਂ ਦਾ ਸੁਨੇਹਾ ਹਰ ਇਨਸਾਨ ਤੇ ਸਮੁੱਚੇ ਤੌਰ 'ਤੇ ਇਨਸਾਨੀ ਸਮਾਜ ਲਈ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਪਹਿਲਾ ਉਪਦੇਸ਼ ਇਨਸਾਨ ਨੂੰ ਆਪਣੀ ਆਤਮਾ ਨੂੰ ਉਨੱਤ ਕਰਨ ਦਾ ਹੈ ਤੇ ਨਾਮ, ਦਾਨ, ਇਸ਼ਨਾਨ ਇਸ ਦਾ ਸਾਧਨ ਦੱਸਿਆ ਹੈ। ਈਸ਼ਵਰ-ਭਗਤੀ, ਈਸ਼ਵਰ ਸਿਮਰਨ, ਮਨ ਦੀ ਮੈਲ ਕੱਟਦੀ ਹੈ ਅਤੇ ਆਤਮਾ ਆਪਣੇ ਸ਼ੁਧ ਰੂਪ ਵਿੱਚ ਵਿਦਮਾਨ ਹੁੰਦੀ ਹੈ। ਦੂਸਰਾ ਉਪਦੇਸ਼ ਗੁਰੂ ਨਾਨਕ ਦੇਵ ਜੀ ਦਾ ਇਹ ਹੈ ਕਿ ਸੰਸਾਰ ਦੇ ਸਮਾਜ ਤੋਂ ਕੱਟ ਕੇ ਵੱਖਰੇ ਹੋ ਕੇ ਕਿਸੇ ਵਿਅਕਤੀਗਤ ਆਤਮਾ ਦਾ ਵਿਕਾਸ ਅਤੇ ਉੱਨਤੀ ਤਥਾ ਹੋਂਦ ਅਸੰਭਵ ਹੈ, ਕਿਉਂਕਿ ਪ੍ਰੇਮ ਤੇ ਸੇਵਾ ਬਿਨਾ ਨਾਮ-ਸਿਮਰਨ ਦੀ ਕਮਾਈ ਸਫਲ ਨਹੀਂ ਹੁੰਦੀ। ਇਸ ਲਈ ਗੁਰੂ ਨਾਨਕ ਦੀ ਸਿੱਖੀ ਕਿਰਤੀਆਂ ਤੇ ਵੰਡ ਕੇ ਛਕਣ ਵਾਲਿਆਂ ਦੀ ਸਿੱਖੀ ਹੈ। ਤੀਸਰਾ ਉਪਦੇਸ਼ ਗੁਰੂ ਨਾਨਕ ਦੇਵ ਜੀ ਦਾ ਇਹ ਹੈ ਕਿ ਇਨਸਾਨ ਖੁਦਗਰਜ਼ੀ ਤੇ ਹਉਮੈ ਦੀ ਜਿੱਲ੍ਹਣ ਵਿਚੋਂ ਨਿਕਲ ਕੇ ਪ੍ਰੇਮ ਤੇ ਸੇਵਾ ਦੇ ਸਾਧਨ ਦੁਆਰਾ ਸਾਂਝੀ ਵਾਲਤਾ ਦੀ ਟੀਸੀ ਉੱਤੇ ਪੁੱਜੇ ਤਾਂ ਜੋ ਵਿਸ਼ਵ ਅਥਵਾ ਸਾਰੀ ਇਨਸਾਨੀਅਤ ਦਾ ਕਲਿਆਣ ਹੋਵੇ।

ਜਾਂ

ਜਿਹੜਾ ਦੇਸ ਆਪਣੀ ਮਾਨਿਸਕ ਸੰਪਤੀ ਦੀ ਉਚਿਤ ਰਾਖੀ ਕਰਦਾ ਹੈ ਅਤੇ ਉਹਨੂੰ ਉੱਨਤ ਕਰਨ ਦੀ ਕੋਸ਼ਸ਼ ਕਰਦਾ ਹੈ, ਕੇਵਲ ਉਹੀ ਦੇਸ ਮਾਣ, ਉਤਸ਼ਾਹ ਅਤੇ ਅਜ਼ਾਦੀ ਨਾਲ ਇਸ ਸੰਸਾਰ ਵਿੱਚ ਜਿਉਂਦਾ ਰਹਿ ਸਕਦਾ ਹੈ। ਦੇਸ਼ ਦੇ ਮੁੰਢੇ-ਕੁੜੀਆਂ ਦੇਸ਼ ਦੀ ਮਾਨਸਿਕ ਅਤੇ ਨੈਤਿਕ ਸੰਪਤੀ ਹੁੰਦੇ ਹਨ। ਇਹ ਸੰਪਤੀ ਕੁਦਰਤੀ ਸੰਪਤੀ ਤੋਂ ਵੀ ਵਧੇਰੇ ਮੁੱਲਵਾਨ ਅਤੇ ਮਹਤੱਵਪੂਰਨ ਹੁੰਦੀ ਹੈ। ਜਿਹੜਾ ਦੇਸ ਇਸ ਧਨ ਦੀ ਉਚਿਤ ਰਾਖੀ ਅਤੇ ਉਨੱਤੀ ਨਹੀਂ ਕਰਦਾ ਉਹ ਉੱਨਤੀ ਦੇ ਰਾਹ ਤੋਂ ਹੱਟ ਕੇ ਪਤਨ ਦੇ ਟੋਏ ਵਲ ਰੁੜ੍ਹਨ ਲੱਗ ਪੈਂਦਾ ਹੈ।

(5) **ਪ੍ਰੋਜੈਕਟ**

ਸਭ ਲਈ ਸਿੱਖਿਆ ਮੁਹਿੰਮ ਦੇ ਅੰਤਰਗਤ ਆਪਣੀ ਕਾਲੋਨੀ/ਗਲੀ ਮੁਹੱਲੇ ਵਿੱਚ ਸਕੂਲ ਨਾ ਜਾਣ ਵਾਲੇ ਬੱਚਿਆਂ ਬਾਰੇ ਜਾਣਕਾਰੀ ਇੱਕਤਰ ਕਰਦੇ ਹੋਏ 'ਸਿੱਖਿਆ ਦੀ ਮਹੱਤਤਾ' ਦਰਸਾਉਂਦੇ ਕੋਈ ਪੰਜ ਸਲੋਗਨ ਲਿਖੋ।

ਜਾਂ

ਸਰਬ ਸਾਂਝੇ ਗ੍ਰੰਥ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦਾ 300 ਸਾਲਾ ਗੁਰਤਾ ਦਿਵਸ ਦੇਸ/ਵਿਦੇਸ ਵਿੱਚ ਵੱਡੇ ਪੱਧਰ ਤੇ ਮਨਾਇਆ ਜਾ ਰਿਹਾ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਗੁਰੂ ਸਾਹਿਬਾਨ ਤੋਂ ਅਲਾਵਾ ਹੋਰ ਭਾਰਤ ਦੇ ਕਿਹੜੇ ਕਿਹੜੇ ਸੰਤਾਂ, ਭਗਤਾਂ, ਭੱਟਾਂ ਦੀ ਬਾਣੀ ਸ਼ਾਮਲ ਹੈ। ਇਸ ਗ੍ਰੰਥ ਵਿੱਚ ਭਾਰਤ ਦੀਆਂ ਕਿਹੜੀਆਂ ਕਿਹੜੀਆਂ ਭਾਸ਼ਾਵਾਂ ਦੇ ਸ਼ਬਦ ਸ਼ਾਮਲ ਹਨ, ਬਾਰੇ ਜਾਣਕਾਰੀ ਪ੍ਰਾਪਤ ਕਰਕੇ (ਇਹਨਾਂ ਦੀਆਂ ਫੋਟੋ ਸਮੇਤ) 100 ਕੁ ਸ਼ਬਦਾਂ ਵਿੱਚ ਲਿਖੋ।

# ਪੰਜਾਬੀ (PUNJABI)
# (210)
## ਮੁਲੰਕਣ-ਪੱਤਰ - II Assignment-II
## (ਪਾਠ 13 ਤੋਂ 24)

ਕੁੱਲ ਅੰਕ : 25

ਨੋਟ : (i) ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਜ਼ਰੂਰੀ ਹਨ। ਹਰ ਪ੍ਰਸ਼ਨ ਦੇ ਅੰਕ ਉਸ ਦੇ ਸਾਹਮਣੇ ਲਿਖੇ ਹਨ।

(ii) ਉੱਤਰ ਪੁਸਤਕਾ ਦੇ ਪਹਿਲੇ ਪੰਨੇ ਉੱਤੇ ਆਪਣਾ ਨਾਂ ਰਜ਼ਿਸਟਰੇਸ਼ਨ ਨੰਬਰ. ਅਧਿਐਨ ਕੇਂਦਰ ਦਾ ਨਾਂ ਵਿਸ਼ਾ ਆਦਿ ਸਾਫ਼ ਸਾਫ਼ ਸ਼ਬਦਾਂ ਵਿੱਚ ਲਿਖੋ :

1. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਦੋ ਦੋ ਉੱਤਰ ਲੱਗ-ਪਗ 60-80 ਸ਼ਬਦਾਂ ਵਿੱਚ ਲਿਖੋ।

(ੳ) ਡਾ. ਵਨੀਤਾ ਦੀ ਕਵਿਤਾ 'ਯਸ਼ੋਧਰਾ' ਵਿੱਚ ਯਸ਼ੋਧਰਾ ਦੇ ਮਨ ਦੀ ਅਵਸਥਾ ਦਾ ਵਰਨਣ ਸੰਖੇਪ ਵਿੱਚ ਕਰੋ।

(ਅ) ਸੁਰਜੀਤ ਪਾਤਰ ਆਪਣੀ ਕਵਿਤਾ 'ਇੱਕ ਪਾਵਨ-ਪੁਸਤਕ ਸੜਦੀ' ਹੈ ਵਿੱਚ ਸਾਡੇ ਭ੍ਰਿਸ਼ਟ ਸਮਾਜ ਉੱਤੇ ਵਿਅੰਗ ਕਰਦਾ ਹੈ। ਇਸ ਗੱਲ ਦੀ ਪੁਸ਼ਟੀ ਲਈ 60-80 ਕੁ ਸ਼ਬਦਾਂ ਵਿੱਚ ਲਿਖੋ।

(ੲ) ਸ੍ਰ. ਗੁਰਬਚਨ ਸਿੰਘ ਤਾਲਬ ਆਪਣੇ ਲੇਖ 'ਝੂਠ ਤੇ ਸੱਚ' ਅੰਦਰ ਦੋਵਾਂ ਵਿਚੋਂ ਕਿਸ ਨੂੰ ਬੁਰਾ ਕਿਹਾ ਹੈ। 60-80 ਸ਼ਬਦਾਂ ਵਿੱਚ ਲਿਖੋ।

(2) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 60-80 ਸ਼ਬਦਾਂ ਵਿੱਚ ਲਿਖੋ। ਕਿਸੇ ਇੱਕ ਦਾ

(ੳ) ਬਲਰਾਜ ਸਾਹਨੀ ਆਪਣੇ ਲੇਖ 'ਲਾਹੌਰ ਦੀਆਂ ਯਾਦਾਂ' ਵਿੱਚ ਲਾਹੌਰ ਦੀ ਤੁਲਨਾ ਹੋਰ ਕਿਹੜੇ ਸ਼ਹਿਰ ਨਾਲ ਕਰਦਾ ਹੋਇਆ ਆਪਣੇ ਕਿਸ ਤਰ੍ਹਾਂ ਦੇ ਅਨੁਭਵ ਪ੍ਰਗਟ ਕਰਦਾ ਹੈ ?

(ਅ) 'ਜੀਵਨ ਸੰਘਰਸ਼' ਵਿਸ਼ੇ ਬਾਰੇ ਇੱਕ ਪੈਰਾ ਆਪਣੇ ਸ਼ਬਦਾਂ ਵਿੱਚ ਲਿਖੋ।

(3) ਡਾ. ਆਤਮਜੀਤ ਸਿੰਘ ਦੇ ਇਕਾਂਗੀ 'ਚਿੜੀਆਂ' ਦੀ ਨਾਇਕਾ ਸਤਨਾਮ ਦੇ ਸੁਭਾਅ ਬਾਰੇ 80-100 ਸ਼ਬਦਾਂ ਵਿੱਚ ਲਿਖੋ।

ਜਾਂ

'ਪ੍ਰੀਤ ਮੁਕਟ' ਨਾਟਕ ਬਾਰੇ ਬਲਵੰਤ ਗਾਰਗੀ ਦਾ ਇਹ ਕਹਿਣ ਤੋਂ ਕੀ ਭਾਵ ਹੈ ? ''ਇਉਂ ਜਾਪਦਾ ਸੀ ਜਿਵੇਂ ਵਿਸ਼ਵਾਮਿੱਤਰ ਮਿਥਿਹਾਸਕ ਪਾਤਰ ਆਪ ਸਰਦਾਰ ਗੁਰਬਖਸ਼ ਸਿੰਘ ਦਾ ਪਾਰਟ ਅਦਾ ਕਰ ਰਿਹਾ ਹੋਵੇ''

(4) ਹੇਠ ਲਿਖੇ ਪੈਰੇ ਨੂੰ ਲੱਗਪਗ ਇਕ ਤਿਹਾਈ ਸ਼ਬੱਦਾਂ ਵਿੱਚ ਸੰਖੇਪ ਕਰਕੇ ਲਿਖੋ ਅਤੇ ਢੁਕਵਾਂ ਸਿਰਲੇਖ ਵੀ ਦਿਓ।

ਅਸੀਂ ਜਿਹੋ ਜਿਹੇ ਲੋਕਾਂ ਦੀ ਸੰਗਤ ਕਰਾਂਗੇ, ਜਰੂਰ ਉਹੋ ਜਿਹੇ ਹੀ ਹੋ ਜਾਵਾਂਗੇ। ਅਖਾਣ ਹੈ ਕਿ ਖਰਬੂਜੇ ਨੂੰ ਵੇਖ ਕੇ ਖਰਬੂਜਾ ਰੰਗ ਫੜਦਾ ਹੈ। ਕਿਸੇ ਕੋਰੇ ਕੱਪੜੇ ਨੂੰ ਜਿਸ ਰੰਗ ਦੇ ਪਾਣੀ ਵਿੱਚ ਡੁਬੋਈਏ, ਉਸ ਉੱਤੇ ਉਹੀ

ਰੰਗ ਚੜ੍ਹ ਜਾਂਦਾ ਹੈ। ਇਸੇ ਤਰਾਂ ਕੋਈ ਪੁਰਸ਼ ਜਿਨ੍ਹਾਂ ਆਦਮੀਆਂ ਵਿੱਚ ਬੈਠੇ-ਉੱਠੇਗਾ ਉਸ ਉੱਤੇ ਉਹਨਾਂ ਦੇ ਖਿਆਲਾਂ ਦਾ ਅਸਰ ਜਰੂਰ ਹੋਵੇਗਾ ਅਤੇ ਉਹਦਾ ਆਚਰਨ ਉਹਨਾਂ ਵਰਗਾ ਹੋ ਜਾਵੇਗਾ। ਭਲਿਆਂ ਬੰਦਿਆਂ ਦੀ ਸੰਗਤ ਬੰਦੇ ਨੂੰ ਭਲਾ ਬਣਾਉਂਦੀ ਹੈ। ਇਸੇ ਤਰ੍ਹਾਂ ਸਿਆਣਿਆਂ ਅਤੇ ਵਿਦਵਾਨਾਂ ਵਿੱਚ ਰਹਿ ਕੇ ਬੰਦਾ ਸਿਆਣਾ ਅਤੇ ਵਿਦਵਾਨ ਬਣਦਾ ਹੈ। ਪਰ ਚੋਰਾਂ ਅਤੇ ਜੁਆਰੀਆਂ ਦੀ ਸੰਗਤ ਵਿੱਚ ਰਹਿਣ ਵਾਲਾ ਚੋਰ ਅਤੇ ਜੁਆਰੀਆ ਬਣ ਜਾਂਦਾ ਹੈ। ਚੰਗੇ ਬਣਨ ਲਈ ਚੰਗੇ ਲੋਕਾਂ ਦਾ ਸੰਗ-ਸਾਥ ਬਹੁਤ ਜਰੂਰੀ ਹੈ।

ਜਾਂ

ਮਹਾਰਾਜਾ ਰਣਜੀਤ ਸਿੰਘ ਆਪਣੇ ਜੀਵਨ-ਕਾਲ ਵਿੱਚ ਹੀ ਕਾਫੀ ਪ੍ਰਸਿੱਧ ਤੇ ਹਰਮਨ ਪਿਆਰੇ ਮਹਾਰਾਜ ਬਣ ਗਏ ਸੀ। ਉਨ੍ਹਾਂ ਦੇ ਨਾਂ ਨਾਲ 'ਸ਼ੇਰੇ-ਇ-ਪੰਜਾਬ' ਲਫਜ਼ ਦਾ ਜੁੜ ਜਾਣਾ, ਇਸ ਦੀ ਪੁਸ਼ਟੀ ਲਈ ਪ੍ਰਤੱਖ ਪ੍ਰਮਾਣ ਹੈ। ਆਪਣੇ ਗੁਣਾਂ ਤੇ ਚੰਗੇ ਕਾਰਨਾਮਿਆਂ ਕਰਕੇ ਉਹ ਲੋਕ-ਮਾਨਸਿਕਤਾ ਵਿੱਚ ਪੂਰੀ ਤਰ੍ਹਾਂ ਵੱਸ ਚੁੱਕਾ ਹੋਇਆ ਸੀ। ਉਸਦੀ ਨਿਆਂ ਸ਼ਕਤੀ ਦੀਆਂ ਗੱਲਾਂ ਲੋਕਾਂ ਦੀ ਜ਼ਬਾਨ ਤੇ ਹੁੰਦੀਆਂ। ਉਸ ਦੇ ਰਾਜ ਵਿੱਚ ਪਰਜਾ ਸੁਖੀ ਸੀ, ਚਾਰੇ ਪਾਸੇ ਅਮਨ ਸ਼ਾਂਤੀ ਸੀ ਅਤੇ ਕਿਸੇ ਨਾਲ ਕੋਈ ਵਿਤਕਰਾ ਨਹੀਂ ਸੀ ਕੀਤਾ ਜਾਂਦਾ। ਪੰਜਾਬੀਆਂ ਨੂੰ ਇਹ ਸੁਖ-ਸ਼ਾਂਤੀ ਦਾ ਮਾਹੌਲ ਬਹੁਤ ਚਿਰ ਮਗਰੋਂ ਵੇਖਣ ਨੂੰ ਮਿਲਿਆ ਸੀ। ਮਹਾਰਾਜੇ ਦੀ ਸ਼ਖ਼ਸੀਅਤ ਦਾ ਜਲੌ ਇਤਨਾ ਸੀ ਕਿ ਹਮਲਾਵਰ ਉਸ ਤੋਂ ਖੌਫ ਖਾਣ ਲੱਗੇ। ਇਉਂ ਮਹਾਰਾਜੇ ਨੇ ਆਪਣੀ ਸ਼ਕਤੀ ਨਾਲ ਇਸ ਧਰਤੀ ਤੇ ਹੋਣ ਵਾਲੇ ਹਮਲਿਆਂ ਦਾ ਸਿਲਸਿਲਾ ਸਦਾ ਲਈ ਬੰਦ ਕਰ ਦਿੱਤਾ। ਇਨ੍ਹਾਂ ਸਾਰੀਆਂ ਗੱਲਾਂ ਕਰਕੇ ਮਹਾਰਾਜਾ ਆਪਣੇ ਜੀਉਂਦੇ ਜੀਅ ਇਕ 'ਲੋਕ-ਨਾਇਕ' ਦਾ ਰੂਪ ਧਾਰ ਚੁੱਕਾ ਹੋਇਆ ਸੀ।

(5) **ਪ੍ਰੋਜੈਕਟ**

ਆਪਣੀ ਪਾਠ ਪੁਸਤਕ ਵਿੱਚ ਆਏ ਹੋਏ ਪਾਠਾਂ ਅੰਦਰੋਂ ਔਖੇ ਸ਼ਬਦਾਂ ਨੂੰ ਲੱਭ ਕੇ ਘੱਟੋ ਘੱਟ 50 ਸ਼ਬਦਾਂ ਦਾ ਸ਼ਬਦ ਕੋਸ਼ (ਡਿਕਸ਼ਨਰੀ ਤਿਆਰ ਕਰਨਾ)

# ਪੰਜਾਬੀ (PUNJABI)
# (210)
## ਮੁਲੰਕਣ-ਪੱਤਰ - III Assignment-III
## (ਪਾਠ 25-35)

ਕੁੱਲ ਅੰਕ : 25

ਨੋਟ : (i) ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਜਰੂਰੀ ਹਨ। ਹਰ ਪ੍ਰਸ਼ਨ ਦੇ ਅੰਕ ਉਸਦੇ ਸਾਹਮਣੇ ਲਿਖੇ ਹਨ।

(ii) ਉੱਤਰ ਪੁਸਤਕਾਂ ਦੇ ਪਹਿਲੇ ਪੰਨੇ ਉੱਤੇ ਆਪਣਾ ਨਾਂ ਰਜਿਸਟਰੇਸ਼ਨ ਨੰਬਰ, ਅਧਿਐਨ ਕੇਂਦਰ ਦਾ ਨਾਂ, ਵਿਸ਼ਾ ਆਦਿ ਸਾਫ਼-ਸਾਫ਼ ਸ਼ਬਦਾਂ ਵਿੱਚ ਲਿਖੋ।

1. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਦੋ ਦੇ ਉੱਤਰ ਲੱਗਪਗ 60 ਸ਼ਬਦਾਂ ਵਿੱਚ ਲਿਖੋ।

(ੳ) ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨ ਵੇ ਲਾਲੋ॥
ਪਾਪ ਕੀ ਜੰਞ ਲੈ ਕਾਬਲਹੁ ਧਾਇਆ,
ਜੋਰੀ ਮੰਗੈ ਦਾਨ ਵੇ ਲਾਲੋ॥
ਉਪਰੋਕਤ ਪੰਗਤੀਆਂ ਵਿੱਚ ਗੁਰੂ ਨਾਨਕ ਦੇਵ ਜੀ ਭਾਈ ਲਾਲੋ ਨੂੰ 'ਪ੍ਰਭੂ ਦੀ ਕਿਹੜੀ ਗੱਲ' ਦਾ ਵਰਣਨ ਕਰ ਰਹੇ ਹਨ। ਸੰਖੇਪ ਕਰਕੇ 60 ਸ਼ਬਦਾਂ ਵਿੱਚ ਲਿਖੋ।

(ਅ) ਉਮਰ ਗਵਾਈ ਵਿੱਚ ਮਸੀਤੀ
ਅੰਦਰ ਭਰਿਆ ਨਾਲ ਪਲੀਤੀ
ਕਦੇ ਨਮਾਜ਼ ਵਾਹਵਤ ਨਾ ਕੀਤੀ
ਹੁਣ ਕਿਉਂ ਕਰਨਾ ਏ ਧਾੜੋ ਧਾੜ
ਇਸ਼ਕ ਦੀ ਨਵੀਓ ਨਵੀਂ ਬਹਾਰ॥
ਇਸ ਕਾਫ਼ੀ ਵਿੱਚ ਬੁਲ੍ਹੇਸ਼ਾਹ ਸ਼ਰਈ ਨਮਾਜੀਆਂ ਤੇ ਕੀ ਵਿਅੰਗ ਕਰ ਰਿਹਾ ਹੈ? 60-80 ਸ਼ਬਦਾਂ ਵਿੱਚ ਲਿਖੋ।

(ੲ) ਮੇਰਾ ਮਾਉਂ ਨਾ ਬਾਪ ਨਾ ਭੈਣ ਭਾਈ,
ਚਾਚਾ ਤਾਇਆ ਨਾ ਸਾਥ ਨਾ ਵੀਰ ਸਾਈਂ।
ਦੁਨੀਆ ਵਿੱਚ ਹਾਂ ਉਦਾਸ ਹੋਇਆ
ਪੈਰੋ ਸਾਡਿਓ ਲਾਹ ਜੰਜੀਰ ਸਾਈਂ॥
ਉਪਰੋਕਤ ਸਤਰਾਂ ਵਿੱਚ ਰਾਂਝਾ ਬਾਲਨਾਥ (ਜੋਗੀ) ਨੂੰ ਕਿਹੜੀਆਂ ਜੰਜੀਰਾਂ ਤੋਂ ਮੁਕਤੀ ਦਿਵਾਉਣ ਲਈ ਕਹਿੰਦਾ ਹੈ। 60 ਕੁ ਸ਼ਬਦਾਂ ਵਿੱਚ ਲਿਖੋ।

(2) ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਇੱਕ ਦਾ ਉੱਤਰ 80-100 ਸ਼ਬਦਾਂ ਵਿੱਚ ਲਿਖੋ।

(ੳ) ਡਾ. ਪ੍ਰੇਮ ਸਿੰਘ ਆਪਣੇ ਲੇਖ 'ਸੱਭਿਆਚਾਰ ਅਤੇ ਪੰਜਾਬੀ ਸੱਭਿਆਚਾਰ' ਵਿੱਚ ਮਨੁੱਖੀ ਹੱਕਾਂ ਲਈ ਕੁਰਬਾਣੀਆਂ ਦੇਣ ਵਾਲੇ ਕਿਹੜੇ ਮਹਾਂਪੁਰਖਾਂ ਦੀ ਗੱਲ ਕਰਦਾ ਹੈ। ਸੰਖੇਪ ਵਿੱਚ ਲਿਖੋ।

(ਅ) ਨਾਨਕ ਸਿੰਘ ਆਪਣੇ ਲੇਖ 'ਮੇਰੀ ਮਾਂ' ਵਿੱਚ ਆਪਣੀ ਮਾਂ ਪ੍ਰਤੀ ਕਿਸ ਪ੍ਰਕਾਰ ਦੀ ਭਾਵਨਾ ਰੱਖਦਾ ਹੈ ਉਸ ਨੂੰ ਇਕ ਪੈਰਾਗ੍ਰਾਫ ਦੇ ਰੂਪ ਵਿੱਚ ਵਰਣਨ ਕਰੋ।

(3) (ੳ) ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ –

ਘੋੜਾ, ਮੁੰਡਾ 1

(ਅ) ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲੋ –

ਪੰਜਾਬੀ, ਧੀ 1

(ੲ) ਹੇਠ ਲਿਖੇ ਸ਼ਬਦਾਂ ਦੇ ਸਮਾਸੀ ਸ਼ਬਦ ਬਣਾਓ –

ਲੋਕਾਂ ਦਾ ਰਾਜ, ਦੇਸ ਦਾ ਪਿਆਰ 1

(ਸ) ਹੇਠ ਲਿਖੇ ਮੁਹਾਵਰਿਆਂ ਨੂੰ ਆਪਣੇ ਵਾਕਾਂ ਵਿੱਚ ਵਰਤੋਂ –

ਉੱਲੂ ਸਿੱਧਾ ਕਰਨਾ, ਅੱਖਾਂ ਤੇ ਬਿਠਾਉਣਾ 1

(4) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਬਾਰੇ ਲੱਗਪਗ 150 ਸ਼ਬਦਾਂ ਦਾ ਇੱਕ ਲੇਖ ਲਿਖੋ।

(i) ਭ੍ਰਿਸ਼ਟਾਚਾਰ

(ii) ਵਿਦਿਆਰਥੀ ਤੇ ਫੈਸ਼ਨ

(iii) ਸਮੇਂ ਦਾ ਮਹਤੱਵ

(iv) ਨੌਜਵਾਨ ਪੀੜੀ ਤੇ ਨਸ਼ਿਆਂ ਦੀ ਵਰਤੋਂ

(v) ਮਹਿੰਗਾਈ

(5) **ਪ੍ਰੋਜੈਕਟ**

ਮੋਹਨ ਤੇ ਸੋਹਨ ਦੋਨੋਂ ਪੱਕੇ ਮਿੱਤਰ ਸਨ। ਸਕੂਲ ਅੰਦਰ ਉਹ ਦੱਸਵੀਂ ਜਮਾਤ ਵਿੱਚ ਪੜ੍ਹਦੇ ਸਨ। ਬੋਰਡ ਦੇ ਇਮਤਿਹਾਨਾਂ ਤੋਂ ਬਾਅਦ ਖਾਲੀ ਸਮੇਂ ਦੌਰਾਨ ਸੋਹਨ ਦੀ ਸੰਗਤ ਮਾੜੇ ਬੱਚਿਆਂ ਨਾਲ ਹੋ ਗਈ। ਸਿੱਟੇ ਵਜੋਂ ਸੋਹਨ ਨਸ਼ੇ ਕਰਨ ਲੱਗਾ ਪਿਆ ਤੇ ਹੌਲੀ ਹੌਲੀ ਉਸਦੀ ਸਿਹਤ ਖਰਾਬ ਹੋ ਗਈ। ਸੋਹਨ ਆਪਣੇ ਮਾਤਾ ਪਿਤਾ ਤੋਂ ਨਸ਼ਿਆਂ ਦੀ ਆਦਤ ਛਿਪਾਉਂਦਾ ਰਿਹਾ ਸੀ। ਜਦੋਂ ਉਸ ਦੇ ਮਾਤਾ ਪਿਤਾ ਡਾਕਟਰ ਕੋਲ ਲੈ ਕੇ ਗਏ ਤਾਂ ਪਤਾ ਲੱਗਿਆ ਕਿ ਉਸਦੇ ਫੇਫੜੇ ਕਮਜ਼ੋਰ ਹੋ ਗਏ ਹਨ। ਡਾਕਟਰ ਬੋਲਿਆ ਕਿ ਇਸ ਤਰਾਂ ਇਸ ਨੂੰ ਕਈ ਹੋਰ ਬੀਮਾਰੀਆਂ ਹੋ ਸਕਦੀਆਂ ਹਨ। ਇਹ ਸੁਣ ਕੇ ਮਾਪਿਆਂ ਦੇ ਹੋਸ਼ ਉੱਡ ਗਏ। ਨਸ਼ਿਆਂ ਨਾਲ ਹੋਰ ਕੀ ਹਾਨੀ ਹੋ ਸਕਦੀ ਹੈ ਇਸ ਬਾਰੇ ਜਾਣਕਾਰੀ ਪ੍ਰਾਪਤ ਕਰਕੇ ਕਹਾਣੀ ਜਾ ਲੇਖ ਰੂਪ ਵਿੱਚ 100 ਸ਼ਬਦਾਂ ਵਿੱਚ ਲਿਖੋ।